# ਪੁਰਾਣੇ ਨੇਮ ਦਾ ਸਰਵੇਖਣ

## ਜਵਾਬ ਕੁੰਜੀ

**Dr. Randall McElwain**

shepherds
GLOBAL CLASSROOM

## ਪਾਠ 1 ਦੇ ਸਵਾਲਾਂ ਦੇ ਜਵਾਬ

1. ਬਾਈਬਲ ਦੇ ਸੰਬੰਧ ਵਿਚ "ਕੈਨਨ" ਸ਼ਬਦ ਦਾ ਕੀ ਮਤਲਬ ਹੈ?

   ਇਹ ਨਿਰਧਾਰਿਤ ਕਰਨ ਲਈ ਨਿਯਮ ਜਾਂ ਮਾਪਦੰਡ ਹੈ ਕਿ ਕਿਹੜੀਆਂ ਲਿਖਤਾਂ ਪਰਮੇਸ਼ਰ ਦਾ ਪ੍ਰੇਰਿਤ ਵਚਨ ਹਨ।

2. ਪੁਰਾਣੇ ਨੇਮ ਦੇ ਕੈਨਨ ਨੂੰ ਸਥਾਪਿਤ ਕਰਨ ਲਈ ਵਰਤੇ ਗਏ ਤਿੰਨ ਮਾਪਾਂ ਦੀ ਸੂਚੀ ਬਣਾਓ।

   ਲੇਖਕ ਨੂੰ ਇਕ ਨਬੀ ਵਜੋਂ ਦਾਤ ਦਿੱਤੀ ਗਈ ਸੀ

   ਕਿਤਾਬ ਸਾਰੀਆਂ ਪੀੜ੍ਹੀਆਂ ਨੂੰ ਸੰਬੋਧਿਤ ਕਰਦੀ ਹੈ

   ਸੰਦੇਸ਼ ਪਹਿਲਾਂ ਦੇ ਪ੍ਰਕਾਸ਼ਨ ਦੇ ਉਲਟ ਨਹੀਂ ਹੈ

3. ਇਬਰਾਨੀ ਬਾਈਬਲ ਦੀਆਂ ਤਿੰਨ ਵੰਡਾਂ ਦੀ ਸੂਚੀ ਬਣਾਓ।

   ਬਿਵਸਥਾ ਨਬੀਆਂ ਦੀਆਂ ਕਿਤਾਬਾਂ ਲਿਖਤਾਂ

4. ਮਸੀਹੀਆਂ ਦੇ ਪੁਰਾਣੇ ਨੇਮ ਦੀਆਂ ਪੰਜ ਵੰਡਾਂ ਦੀ ਸੂਚੀ ਬਣਾਓ।

   ਪੈਂਟਾਟਯੁਕ ਇਤਿਹਾਸਕ ਕਿਤਾਬਾਂ ਕਵਿਤਾ ਅਤੇ ਬੁੱਧ ਦੀਆਂ ਕਿਤਾਬਾਂ- ਨਬੀਆਂ ਦੀਆਂ ਵੱਡੀਆਂ ਕਿਤਾਬਾਂ ਨਬੀਆਂ ਦੀਆਂ ਛੋਟੀਆਂ ਕਿਤਾਬਾਂ

5. "ਪਰਮੇਸ਼ਰੀ ਪ੍ਰੇਰਨਾ" ਸ਼ਬਦ ਦਾ ਕੀ ਮਤਲਬ ਹੈ?

   "ਪਰਮੇਸ਼ਰ ਦਾ ਸਾਹ"

6. "ਬਿਨਾਂ ਗਲਤੀ ਦੇ" ਅਤੇ "ਪੱਕੀ" ਸ਼ਬਦਾਂ ਦਾ ਕੀ ਮਤਲਬ ਹੈ?

   ਬਿਨਾਂ ਗਲਤੀ ਦੇ ਮਤਲਬ ਇਹ ਕਿਸੇ ਗਲਤੀ ਤੋਂ ਬਿਨਾਂ ਹੈ।

   ਪੱਕੀ ਮਤਲਬ ਕਿ ਇਹ ਅਸਫਲ ਨਹੀਂ ਹੋ ਸਕਦਾ ਹੈ।

7. ਮ੍ਰਿਤਕ ਸਾਗਰ ਲਿਖਤਾਂ ਪੁਰਾਣੇ ਨੇਮ ਦੇ ਵਚਨਾਂ ਦੀ ਪੂਰਨਤਾ ਬਾਰੇ ਦਰਸਾਉਂਦੀਆਂ ਹਨ?

   ਇਹ ਦਰਸਾਉਂਦੀਆਂ ਹਨ ਕਿ ਪੁਰਾਣੇ ਨੇਮ ਸੈਂਕੜੇ ਸਾਲਾਂ ਤੋਂ ਉੱਚ ਪੱਧਰੀ ਦੀ ਸ਼ੁੱਧਤਾ ਨਾਲ ਨਕਲ ਕੀਤੀ ਗਈ ਸੀ।

8. ਤਿੰਨ ਤਰੱਕੀਆਂ ਦੀ ਸੂਚੀ ਬਣਾਓ ਜਿਨ੍ਹਾਂ ਰਾਹੀਂ ਪੁਰਾਣਾ ਨੇਮ ਅੱਜ ਵੀ ਗੱਲ ਕਰਦਾ ਹੈ।

   ਪੁਰਾਣੇ ਨੇਮ ਤੋਂ, ਅਸੀਂ ਪਰਮੇਸ਼ਰ ਦੀ ਸ਼ਾਨ ਅਤੇ ਪਵਿੱਤਰਤਾ ਨੂੰ ਸਿੱਖਦੇ ਹਾਂ।

   ਪੁਰਾਣੇ ਨੇਮ ਤੋਂ, ਅਸੀਂ ਮਨੁੱਖ ਦੇ ਪਾਪ ਅਤੇ ਇਕ ਮੁਕਤੀਦਾਤਾ ਦੀ ਲੋੜ ਬਾਰੇ ਸਿੱਖਦੇ ਹਾਂ।

   ਪੁਰਾਣੇ ਨੇਮ ਤੋਂ, ਅਸੀਂ ਪਰਮੇਸ਼ਰ ਦੀ ਯੋਜਨਾ ਬਾਰੇ ਸਿੱਖਦੇ ਹਾਂ ਕਿ ਉਸਨੇ ਪਵਿੱਤਰ ਲੋਕਾਂ ਨੂੰ ਆਪਣੇ ਵਿਸ਼ੇਸ਼ ਅਧਿਕਾਰ ਦੇ ਰੂਪ ਵਿਚ ਸਥਾਪਿਤ ਕਰਨ ਲਈ ਅਲੱਗ ਕੀਤਾ ਹੈ।

## ਪਾਠ 2 ਦੇ ਸਵਾਲਾਂ ਦੇ ਜਵਾਬ

1. ਇਬਰਾਨੀ ਸ਼ਬਦ ਤੋਰਾਹ ਦਾ ਅਰਥ ______________________ ਹੈ।

   "ਸਿਖਾਉਣਾ" ਜਾਂ "ਬਿਵਸਥਾ"

2. ਪੈਂਟਾਟਯੁਕ ਦੀਆਂ ਕਿਤਾਬਾਂ ਵਿਚ ਯਿਸੂ ਮਸੀਹ ਨੂੰ ਕਿਵੇਂ ਪੇਸ਼ ਕੀਤਾ ਗਿਆ ਹੈ?

   ਉਤਪਤ: ਦੂਸਰਾ ਆਦਮ
   ਕੂਚ: ਪਸਾਹ ਦਾ ਲੇਲਾ

   ਲੇਵੀਆਂ: ਸੰਪੂਰਨ ਬਲੀਦਾਨ

   ਗਿਣਤੀ: ਪਿੱਤਲ ਦਾ ਸੱਪ

   ਬਿਵਸਥਾ ਸਾਰ: ਆਉਣ ਵਾਲਾ ਨਬੀ

3. ਪੈਂਟਾਟਯੁਕ ਵਿਚ ਕਿਹੜੇ ਚਾਰ ਵਿਸ਼ੇ ਹਨ ਜੋ ਪੂਰੇ ਪੁਰਾਣੇ ਨੇਮ ਵਿਚ ਵਰਤੇ ਗਏ ਹਨ?

   ਪਰਮੇਸ਼ਰ ਦੀ ਪ੍ਰਭੂਸੱਤਾ          ਮਨੁੱਖ ਦਾ ਪਾਪ

   ਮੁਕਤੀ ਦੇ ਲਈ ਪਰਮੇਸ਼ਰ ਦੀ ਯੋਜਨਾ          ਪਵਿੱਤਰਤਾ

4. ਉਤਪਤ ਦੀ ਕਿਤਾਬ ਦਾ ਵਿਸ਼ਾ ______________________ ਹੈ।

   "ਆਦ ਵਿਚ"

5. ਉਤਪਤ ਦੀ ਕਿਤਾਬ ਦੇ ਦੋ ਮੁੱਖ ਭਾਗ ______________________ ਅਤੇ ______________________ ਹਨ।

   ਆਦਿ ਕਾਲ ਦਾ ਇਤਿਹਾਸ (1-11)     ਪੁਰਖਿਆ ਦਾ ਇਤਿਹਾਸ (12-50)

6. ਉਤਪਤ 1-11 ਦੀਆਂ ਚਾਰ ਮੁੱਖ ਘਟਨਾਵਾਂ ਦੀ ਸੂਚੀ ਬਣਾਓ।

   ਸ੍ਰਿਸ਼ਟੀ     ਪਾਪ ਵਿਚ ਡਿੱਗਣਾ     ਜਲ-ਪਰਲੋ     ਬਾਬਲ ਦਾ ਬੁਰਜ਼

7. ਉਤਪਤ 12-50 ਦੇ ਚਾਰ ਮੁੱਖ ਵਿਅਕਤੀਆਂ ਦੀ ਸੂਚੀ ਬਣਾਓ।

   ਅਬਰਾਹਾਮ     ਇਸਹਾਕ     ਯਾਕੂਬ     ਯੂਸਫ਼

8. ਇਕ-ਇਕ ਵਾਕ ਵਿਚ ਅਬਰਾਹਾਮ ਨਾਲ ਵਾਚਾ ਦੇ ਤਿੰਨ ਪਹਿਲੂਆਂ ਨੂੰ ਸੰਖੇਪ ਵਿਚ ਲਿਖੋ।

   ਉਤਪਤ 12: ਪਰਮੇਸ਼ਰ ਅਬਰਾਹਾਮ ਦੇ ਵੰਸ਼ ਨੂੰ ਸਾਰੀਆਂ ਕੌਮਾਂ ਲਈ ਅਸੀਸ ਬਣਾਵੇਗਾ।

   ਉਤਪਤ 15: ਪਰਮੇਸ਼ਰ ਨੇ ਖੁਦ ਅਬਰਾਹਾਮ ਨਾਲ ਸਦਾ ਵਫ਼ਾਦਾਰ ਰਹਿਣ ਦਾ ਨੇਮ ਲਿਆ ਹੈ।

ਉਤਪਤ 17: ਸੁੰਨਤ ਨੇਮ ਦੇ ਵਾਅਦਿਆਂ ਵਿਚ ਵਿਸ਼ਵਾਸ ਦਾ ਚਿੰਨ੍ਹ ਹੈ।

9. ਉਨ੍ਹਾਂ ਤਿੰਨ ਗੱਲਾਂ ਦੀ ਸੂਚੀ ਬਣਾਓ ਜੋ ਉਤਪਤ ਦੀ ਕਿਤਾਬ ਸ੍ਰਿਸ਼ਟੀ ਦੀ ਰਚਨਾ ਬਾਰੇ ਸਿਖਾਉਂਦੀ ਹੈ।

    ਪਰਮੇਸ਼ਰ ਨੇ ਬਿਨਾਂ ਕਿਸੇ ਚੀਜ਼ ਤੋਂ ਸੰਸਾਰ ਨੂੰ ਬਣਾਇਆ ਹੈ।

    ਸਿਰਫ ਇਕ ਮਹਾਨ ਪਰਮੇਸ਼ਰ ਹੈ।

    ਮਨੁੱਖ ਨੂੰ ਪਰਮੇਸ਼ਰ ਦੇ ਸਰੂਪ ਵਿਚ ਸਿਰਜਿਆ ਗਿਆ ਹੈ

10. ਉਨ੍ਹਾਂ ਤਿੰਨ ਤਰੀਕਿਆਂ ਦੀ ਸੂਚੀ ਬਣਾਓ ਜਿਨ੍ਹਾਂ ਰਾਹੀਂ ਉਤਪਤ ਦੀ ਕਿਤਾਬ ਅੱਜ ਦੀ ਕਲੀਸਿਯਾ ਨਾਲ ਗੱਲ ਕਰਦੀ ਹੈ।

    ਮਨੁੱਖੀ ਜੀਵਨ ਬਹੁਮੁੱਲਾ ਹੈ।

    ਮਨੁੱਖ ਆਪਣੇ ਸੰਸਾਰ ਦੀ ਦੇਖਭਾਲ ਲਈ ਜ਼ਿੰਮੇਵਾਰ ਹੈ।

    ਕਲੀਸਿਯਾ ਕੋਲ ਪ੍ਰਚਾਰ ਕਰਨ ਅਤੇ ਚੇਲੇ ਬਣਾਉਣ ਦਾ ਆਦੇਸ਼ ਹੈ।

## ਪਾਠ 3 ਦੇ ਸਵਾਲਾਂ ਦੇ ਜਵਾਬ

1. ਇਸਰਾਏਲ ਦੇ ਮਿਸਰ ਤੋਂ ਨਿਕਲਣ ਦੀ ਸਭ ਤੋਂ ਸੰਭਵਿਤ ਤਰੀਖ ਕੀ ਹੈ?
    1446 ਈਸਾ ਪੂਰਵ

2. ਹਰੇਕ ਕਿਤਾਬ ਦੇ ਵਿਸ਼ੇ ਦੀ ਸੂਚੀ ਬਣਾਓ:

    ਕੂਚ: ਛੁਟਕਾਰਾ ਅਤੇ ਸੰਬੰਧ

    ਲੇਵੀਆਂ: ਪਵਿੱਤਰਤਾ

    ਗਿਣਤੀ: ਅਣਆਗਿਆਕਾਰੀ ਦੇ ਨਤੀਜੇ

    ਬਿਵਸਥਾ ਸਾਰ: ਨੇਮ ਦਾ ਨਵੀਨੀਕਰਨ

3. ਕੂਚ ਦੀ ਕਿਤਾਬ ਦੇ ਦੋ ਮੁੱਖ ਭਾਗ ________________________ਅਤੇ ________________________ਹਨ।

    ਮਿਸਰ ਤੋਂ ਛੁਟਕਾਰਾ (1-15)     ਯਹੋਵਾਹ ਨਾਲ ਸੰਬੰਧ (16-40)

4. ਕੂਚ ਵਿਚ, ਚਾਰ ਘਟਨਾਵਾਂ ਜੋ ਮਿਸਰ ਤੋਂ ਇਸਰਾਏਲ ਦੇ ਛੁਟਕਾਰੇ ਨੂੰ ਦਿਖਾਉਂਦੀਆਂ ਹਨ:

    ਮੂਸਾ ਦਾ ਜਨਮ ਅਤੇ ਸੱਦਾ     ਦਸ ਮਹਾਂਮਾਰੀਆਂ

    ਪਸਾਹ     ਲਾਲ ਸਮੁੰਦਰ ਨੂੰ ਪਾਰ ਕਰਨਾ

5. ਕੂਚ ਵਿਚ, ਦੋ ਘਟਨਾਵਾਂ ਜੋ ਯਹੋਵਾਹ ਅਤੇ ਇਸਰਾਏਲ ਵਿਚਕਾਰ ਸੰਬੰਧ ਨੂੰ ਬਣਾਉਣ ਦਾ ਚਿੰਨ੍ਹ ਹਨ:

ਦਸ ਹੁਕਮਾਂ ਨੂੰ ਦੇਣਾ     ਤੰਬੂ ਨੂੰ ਬਣਾਉਣਾ

6. ਲੇਵੀਆਂ ਦੀ ਕਿਤਾਬ ਤੋਂ ਹਰੇਕ ਬਲੀਆਂ ਨੂੰ ਪਛਾਣੋ:

ਮੈਦੇ ਦੀ ਭੇਟ: ਇਕ ਤੋਹਫ਼ਾ ਜੋ ਦੂਸਰੀ ਬਲੀ ਮੇਲ ਖਾਂਦੀ ਹੈ

ਹੋਮ ਬਲੀ: ਪੁਰਾਣੇ ਨੇਮ ਦੀ ਮੁੱਖ ਬਲੀ

ਦੋਸ਼ ਬਲੀ:ਉਨ੍ਹਾਂ ਉਲੰਘਣਾਵਾਂ ਨੂੰ ਸੰਬੋਧਿਤ ਕਰਦੀ ਹੈ ਜਿਨ੍ਹਾਂ ਨੂੰ ਮੁਆਵਜ਼ੇ ਦੀ ਜ਼ਰੂਰਤ ਹੁੰਦੀ ਹੈ।

ਪਾਪ ਬਲੀ: ਬਿਵਸਥਾ ਦੀ ਅਣਜਾਣੇ ਵਿਚ ਉਲੰਘਣਾ ਲਈ ਪ੍ਰਾਸਚਿਤ

ਸੁੱਖ-ਸਾਂਦ ਦੀ ਬਲੀ: ਪਰਮੇਸ਼ਰ ਅਤੇ ਅਰਾਧਕ ਵਿਚਕਾਰ ਸੰਗਤੀ ਨੂੰ ਮਨਾਉਣਾ

7. ਲੇਵੀਆਂ 17-27 ਦੇ ______________ਨੇ ਇਸਰਾਏਲ ਨੂੰ ਇਸ ਤਰ੍ਹਾਂ ਜੀਵਨ ਬਤੀਤ ਕਰਨਾ ਸਿਖਾਇਆ ਜੋ ਰੋਜ਼ਾਨਾ ਦੇ ਜੀਵਨ ਵਿਚ ਪਵਿੱਤਰਤਾ ਨੂੰ ਦਿਖਾਉਂਦਾ ਹੈ।

ਪਵਿੱਤਰਤਾ ਦੇ ਨਿਯਮ

8. ਪੁਰਾਣੇ ਨੇਮ ਦੀ ਬਿਵਸਥਾ ਨੂੰ ਅੱਜ ਦੇ ਸਮੇਂ ਵਿਚ ਲਾਗੂ ਕਰਨ ਦੇ ਚਾਰ ਕਦਮ ਹਨ:

ਪੁਰਾਣੇ ਨੇਮ ਦੀ ਬਿਵਸਥਾ ਨੂੰ ਪੜ੍ਹੋ

ਸਿਖਾਏ ਹੋਏ ਸਿਧਾਂਤ ਜਾਂ ਪਰਮੇਸ਼ਰ ਦੇ ਚਰਿੱਤਰ ਦੇ ਪਹਿਲੂ ਨੂੰ ਲੱਭੋ

ਮਸੀਹ ਦੇ ਆਉਣ ਨਾਲ ਇਸ ਨੂੰ ਲਾਗੂ ਕਰਨ ਤੇ ਆਉਣ ਵਾਲੀਆਂ ਤਬਦੀ-ਲੀਆਂ

ਆਧੁਨਿਕ ਅਭਿਆਸ ਦਾ ਫ਼ੈਸਲਾ ਕਰੋ

9. ਗਿਣਤੀ ਦੀ ਕਿਤਾਬ ਦੇ ਤਿੰਨ ਵੱਡੇ ਭਾਗ _____________, _______________, ਅਤੇ ______________ਹਨ।

ਸੀਨਾਈ ਤੇ ਇਸਰਾਏਲ     ਉਜਾੜ ਵਿਚ ਇਸਰਾਏਲ
ਮੋਆਬ ਦੇ ਮੈਦਾਨਾਂ ਤੇ ਇਸਰਾਏਲ

10. ਬਿਵਸਥਾ ਸਾਰ ਵਿਚ ਮੂਸਾ ਦੇ ਤਿੰਨ ਭਾਸ਼ਣ ਹਨ:

ਇਤਿਹਾਸਕ: ਪਰਮੇਸ਼ਰ ਨੇ ਕੀ ਕੀਤਾ ਹੈ

ਕਾਨੂੰਨੀ: ਪਰਮੇਸ਼ਰ ਕੀ ਚਾਹੁੰਦਾ ਹੈ     ਭਵਿੱਖ: ਪਰਮੇਸ਼ਰ ਕੀ ਕਰੇਗਾ

## ਪਾਠ 4 ਦੇ ਸਵਾਲਾਂ ਦੇ ਜਵਾਬ

1. ਇਬਰਾਨੀ ਬਾਈਬਲ ਵਿਚ ਇਤਿਹਾਸਕ ਕਿਤਾਬਾਂ ਦਾ ਕੀ ਨਾਮ ਹੈ?

    "ਪਹਿਲੇ ਨਬੀ"

2. "ਪਰਮੇਸ਼ਰ ਰਾਜ" ਦੀ ਪਰਿਭਾਸ਼ਾ ਲਿਖੋ।

    ਪਰਮੇਸ਼ਰ ਸਿੱਧਾ ਰਾਜ ਕਰਦਾ ਸੀ

3. ਹਰੇਕ ਕਿਤਾਬ ਦੇ ਵਿਸ਼ੇ ਦੀ ਸੂਚੀ ਬਣਾਓ:

    ਯਹੋਸ਼ੁਆ: ਕਨਾਨ ਤੇ ਜਿੱਤ

    ਨਿਆਈਆਂ: ਇਸਰਾਏਲ ਦਾ ਧਰਮ-ਤਿਆਗ

    ਰੂਥ: ਧਰਮ-ਤਿਆਗ ਦੇ ਸਮੇਂ ਵਿਚ ਵਿਸ਼ਵਾਸਯੋਗਤਾ

4. ਯਹੋਸ਼ੁਆ ਦੀ ਕਿਤਾਬ ਦੇ ਦੋ ਭਾਗ ਹਨ:

    ਕਨਾਨ ਤੇ ਜਿੱਤ — ਕਨਾਨ ਵਿਚ ਵਸਨਾ

5. ਯਹੋਸ਼ੁਆ ਦੀ ਕਿਤਾਬ ਦਾ ਮੁੱਖ ਉਦੇਸ਼ ਕੀ ਹੈ?

    ਇਸਰਾਏਲ ਨੂੰ ਪਰਮੇਸ਼ਰ ਦੀ ਵਫ਼ਾਦਾਰੀ ਦਿਖਾਉਣ ਲਈ ਜਦੋਂ ਉਹ ਉਸ ਪ੍ਰਤੀ ਵਫ਼ਾਦਾਰ ਸੀ

6. ਪਨਾਹ ਨਗਰਾਂ ਦਾ ਉਦੇਸ਼ ਕੀ ਸੀ?

    ਕਿਸੇ ਵਿਅਕਤੀ ਦੀ ਰੱਖਿਆ ਕਰਨ ਲਈ ਜਿਸਨੇ ਅਣਜਾਣੇ ਵਿਚ ਕਿਸੇ ਦਾ ਕਤਲ ਕੀਤਾ ਹੋਵੇ

7. ਯਹੋਸ਼ੁਆ ਦੀ ਕਿਤਾਬ ਵਿਚ ਯਹੋਵਾਹ ਯੁੱਧ ਦਾ ਅਧਿਐਨ ਕਰਦੇ ਸਮੇਂ ਧਿਆਨ ਦੇਣ ਵਾਲੇ ਚਾਰ ਸਿਧਾਂਤਾਂ ਦੀ ਸੂਚੀ ਬਣਾਓ।

    ਯਹੋਵਾਹ ਯੁੱਧ ਪਰਮੇਸ਼ਰ ਦੇ ਨਿਆਂ ਨੂੰ ਦਰਸਾਉਂਦਾ ਹੈ

    ਯਹੋਵਾਹ ਯੁੱਧ ਧਰਤੀ ਉੱਤੇ ਪਰਮੇਸ਼ਰ ਦੀ ਪ੍ਰਭੂਸੱਤਾ ਨੂੰ ਦਰਸਾਉਂਦਾ ਹੈ

    ਯਹੋਵਾਹ ਯੁੱਧ ਪਰਮੇਸ਼ਰ ਦੀ ਪਵਿੱਤਰਤਾ ਨੂੰ ਦਰਸਾਉਂਦਾ ਹੈ

    ਯਹੋਵਾਹ ਯੁੱਧ ਪਰਮੇਸ਼ਰ ਦੇ ਪਿਆਰ ਨੂੰ ਦਰਸਾਉਂਦਾ ਹੈ

8. ਨਿਆਈਆਂ ਦੀ ਕਿਤਾਬ ਦਾ ਮੁੱਖ ਉਦੇਸ਼ ਕੀ ਸੀ?

    ਇਸਰਾਏਲ ਦੇ ਧਰਮ-ਤਿਆਰ ਦੇ ਨਤੀਜਿਆਂ ਨੂੰ ਦਿਖਾਉਣਾ

9. ਨਿਆਈਆਂ ਦੀ ਕਿਤਾਬ ਵਿਚ ਧਰਮ-ਤਿਆਗ ਅਤੇ ਛੁਟਕਾਰੇ ਦੇ ਚਾਰ ਚੱਕਰ ਕਿਹੜੇ ਹਨ?

    ਪਾਪ ਨਿਆਂ ਵਜੋਂ ਯੁੱਧ ਤੋਬਾ ਛੁਟਕਾਰਾ

10. "ਮਰੇ ਹੋਏ ਭਰਾ ਦੀ ਪਤਨੀ ਨਾਲ ਵਿਆਹ" ਦੀ ਪਰਿਭਾਸ਼ਾ ਦਿਓ।

    ਮਰੇ ਹੋਏ ਭਰਾ ਦੀ ਪਤਨੀ ਨਾਲ ਵਿਆਹ ਉਸਦੇ ਪਤੀ ਦੇ ਨਾਮ ਅਤੇ ਵਿਰਾਸਤ ਨੂੰ ਜਾਰੀ ਰੱਖਣ ਦੇ ਉਦੇਸ਼ ਨਾਲ ਕਿਸੇ ਮ੍ਰਿਤਕ ਆਦਮੀ ਦੀ ਵਿਧਵਾ ਦੇ ਨਜ਼ਦੀਕੀ ਰਿਸ਼ਤੇਦਾਰ ਦੁਆਰਾ ਵਿਆਹ ਸੀ।

## ਪਾਠ 5 ਦੇ ਸਵਾਲਾਂ ਦੇ ਜਵਾਬ

1. ਹਰੇਕ ਕਿਤਾਬ ਦੇ ਵਿਸ਼ੇ ਦੀ ਸੂਚੀ ਬਣਾਓ।

    1 ਸਮੂਏਲ: ਇਸਰਾਏਲ ਦੇ ਰਾਜਾ ਸ਼ਾਸਨ ਦੀ ਸ਼ੁਰੂਆਤ

    2 ਸਮੂਏਲ: ਰਾਜਾ ਦਾ ਦਾਊਦ ਦਾ ਸ਼ਾਸਨ

    2 ਅਤੇ 2 ਰਾਜਿਆਂ: ਇਸਰਾਏਲ ਦੇ ਰਾਜਿਆਂ ਦੀ ਅਸਫਲਤਾ

    1 ਅਤੇ 2 ਇਤਿਹਾਸ: ਇਕ ਉਮੀਦ ਹੈ

2. ਸ਼ਾਊਲ ਦੇ ਸ਼ਾਸਨ ਦੀਆਂ ਸ਼ੁਰੂਆਤੀ ਤਿੰਨ ਘਟਨਾਵਾਂ ਦੀ ਸੂਚੀ ਬਣਾਓ ਜੋ ਉਹ ਕਰਨ ਵਿਚ ਉਸ ਦੀ ਅਸਫਲਤਾ ਨੂੰ ਦਿਖਾਉਂਦੀਆਂ ਹਨ ਜੋ ਪਰਮੇਸ਼ਰ ਉਸ ਤੋਂ ਚਾਹੁੰਦਾ ਸੀ।

    ਉਸਨੇ ਸਮੂਏਲ ਦੇ ਜਾਜਕੀ ਅਹੁਦੇ ਨੂੰ ਲਿਆ

    ਉਸਨੇ ਜਲਦਬਾਜ਼ੀ ਦੀ ਸਹੁੰ ਖਾਧੀ ਜਿਸ ਦੇ ਨਤੀਜੇ ਵਜੋਂ ਜੋਨਾਥਨ ਦੀ ਮੌਤ ਹੋਣ ਵਾਲੀ ਸੀ

    ਉਸ ਨੇ ਅਮਾਲੇਕੀਆਂ ਨੂੰ ਪੂਰੀ ਤਰ੍ਹਾਂ ਖਤਮ ਕਰਨ ਦੇ ਪਰਮੇਸ਼ਰ ਦੇ ਹੁਕਮ ਦੀ ਉਲੰਘਣਾ ਕੀਤੀ।

3. ਦਾਊਦ ਨਾਲ ਕੀਤੀ ਵਾਚਾ ਦੇ ਪੰਜ ਵਾਅਦਿਆਂ ਸੂਚੀ ਬਣਾਓ।

    ਪਰਮੇਸ਼ਰ ਇਸਰਾਏਲ ਲਈ ਇਕ ਸੁਰੱਖਿਅਤ ਨਿਵਾਸ ਪ੍ਰਦਾਨ ਕਰੇਗਾ

    ਪਰਮੇਸ਼ਰ ਦਾਊਦ ਦੇ ਪੁੱਤਰ ਨੂੰ ਮੰਦਰ ਬਣਾਉਣ ਲਈ ਖੜ੍ਹਾ ਕਰੇਗਾ

    ਪਰਮੇਸ਼ਰ ਦਾਊਦ ਦੇ ਰਾਜ ਨੂੰ ਸਦਾ ਲਈ ਸਥਾਪਤ ਕਰੇਗਾ

    ਪਰਮੇਸ਼ਰ ਦਾਊਦ ਦੇ ਵੰਸ਼ ਨਾਲ ਪਿਤਾ-ਪੁੱਤਰ ਦਾ ਸੰਬੰਧ ਸਥਾਪਤ ਕਰੇਗਾ

    ਪਰਮੇਸ਼ਰ ਦੀ ਦਇਆ ਦਾਊਦ ਦੇ ਵੰਸ਼ ਤੋਂ ਨਹੀਂ ਹਟੇਗੀ

4. ਦਾਊਦ ਪਾਪ ਤੋਂ ਚਾਰ ਸਿਧਾਂਤਾਂ ਦੀ ਸੂਚੀ ਬਣਾਓ ਜੋ ਇਕ ਵਿਸ਼ਵਾਸੀ ਨੂੰ ਪਾਪ ਵਿਚ ਡਿੱਗਣ ਤੋਂ ਬਚਾਉਣਗੇ।

    ਸਾਨੂੰ ਆਪਣੇ ਪਾਪ ਦਾ ਇਕਰਾਰ ਕਰਨਾ ਚਾਹੀਦਾ ਹੈ।

    ਸਾਨੂੰ ਸਾਡੇ ਪਾਪ ਦੀ ਗੰਭੀਰਤਾ ਨੂੰ ਸਮਝਣਾ ਚਾਹੀਦਾ ਹੈ।

    ਸਾਨੂੰ ਇਹ ਵਿਸ਼ਵਾਸ ਕਰਨਾ ਚਾਹੀਦਾ ਹੈ ਕਿ ਅਸੀਂ ਪਰਮੇਸ਼ਰ ਦੀ ਮਾਫ਼ੀ ਪ੍ਰਾਪਤ ਕਰਾਂਗੇ।

    ਸਾਨੂੰ ਆਪਣੇ ਪਾਪ ਦੀ ਲੰਬੀ ਮਿਆਦ ਦੀ ਕੀਮਤ ਨੂੰ ਸਮਝਣਾ ਚਾਹੀਦਾ ਹੈ।

5. 1 ਅਤੇ 2 ਰਾਜਿਆਂ ਦੀਆਂ ਕਿਤਾਬਾਂ __________ਤੋਂ __________ਸਾਲਾਂ ਦੇ ਸਮੇਂ ਬਾਰੇ ਦੱਸਦੀਆਂ ਹਨ।

    971 ਤੋਂ 561 ਈਸਾ ਪੂਰਵ

6. ਇਸਰਾਏਲ ਦੀ ਵੰਡ ਤੋਂ ਬਾਅਦ, ਕਿਹੜੇ ਗੋਤ ਦਾਊਦ ਦੇ ਵੰਸ਼ ਦੇ ਰਾਜਿਆਂ ਪ੍ਰਤੀ ਵਫ਼ਾਦਾਰ ਰਹੇ?

    ਯਹੂਦਾਹ ਅਤੇ ਬਿਨਯਾਮੀਨ

7. 1 ਅਤੇ 2 ਰਾਜਿਆਂ ਦੀਆਂ ਕਿਤਾਬਾਂ ਵਿਚ ਰਾਜਿਆਂ ਦਾ ਮੁਲਾਂਕਣ ਕਿਵੇਂ ਕੀਤਾ ਗਿਆ ਹੈ?

    ਉਨ੍ਹਾਂ ਦੀ ਪਰਮੇਸ਼ਰ ਪ੍ਰਤੀ ਵਫ਼ਾਦਾਰੀ

8. ਇਤਿਹਾਸ ਅਤੇ ਰਾਜਿਆਂ ਦੇ ਯਹੂਦਾਹ ਦੇ ਰਾਜਿਆਂ ਸੰਬੰਧੀ ਸਮੱਗਰੀ ਦੀ ਤੁਲਨਾ ਕਰੋ।

    ਰਾਜਿਆਂ ਦੀਆਂ ਕਿਤਾਬਾਂ ਪੁੱਛਦੀਆਂ ਹਨ, “ਕੀ ਉਹ ਰਾਜਾ ਦਾਊਦ ਦੇ ਰਾਹ ਤੇ ਚੱਲਿਆ?”

    ਇਤਿਹਾਸ ਦੀਆਂ ਕਿਤਾਬਾਂ ਪੁੱਛਦੀਆਂ ਹਨ: “ਕੀ ਰਾਜਾ ਮੰਦਰ ਦੀ ਅਰਾਧਨਾ ਪ੍ਰਤੀ ਵਫ਼ਾਦਾਰ ਸੀ?”

9. ਇਤਿਹਾਸ ਦੀਆਂ ਕਿਤਾਬਾਂ ਲਈ ਸੁਲੇਮਾਨ ਦਾ ਰਾਜ ਮਹੱਤਵਪੂਰਣ ਕਿਉਂ ਹੈ?

    ਉਸਨੇ ਮੰਦਰ ਨੂੰ ਬਣਾਇਆ ਸੀ

10. ਮਨੱਸ਼ਹ ਦੇ ਬਾਰੇ ਇਤਿਹਾਸ ਅਤੇ ਰਾਜਿਆਂ ਦੀਆਂ ਕਿਤਾਬਾਂ ਦੀ ਸਮੱਗਰੀ ਦੀ ਤੁਲਨਾ ਕਰੋ।

    ਰਾਜਿਆਂ ਦੀਆਂ ਕਿਤਾਬਾਂ ਦੇ ਲੇਖਕ ਲਈ, ਮਨੱਸ਼ਹ ਦੇ ਰਾਜ ਦਾ ਮੁੱਖ ਸੰਦੇਸ਼ ਇਹ ਹੈ ਕਿ ਪਾਪ ਪਰਮੇਸ਼ਰ ਦੀ ਸਜ਼ਾ ਨੂੰ ਲਿਆਉਂਦਾ ਹੈ।

    ਇਤਿਹਾਸ ਦੀਆਂ ਕਿਤਾਬਾਂ ਦੇ ਲੇਖਕ ਲਈ, ਮਨੱਸ਼ਹ ਦੇ ਰਾਜ ਦਾ ਮੁੱਖ ਸੰਦੇਸ਼ ਇਹ ਹੈ ਕਿ ਤੋਬਾ ਪਰਮੇਸ਼ਰ ਦੀ ਮਾਫ਼ੀ ਨੂੰ ਲਿਆਉਂਦੀ ਹੈ।

# ਪਾਠ 6 ਦੇ ਸਵਾਲਾਂ ਦੇ ਜਵਾਬ

1. ਬਹਾਲੀ ਦੇ ਸਮੇਂ ਦੀਆਂ ਮੁੱਖ ਘਟਨਾਵਾਂ ਦੀਆਂ ਤਰੀਖਾਂ ਦੀ ਸੂਚੀ ਬਣਾਓ।

   ਜ਼ਰੁੱਬਾਬਲ ਦੀ ਅਗਵਾਈ ਵਿਚ ਪਹਿਲੇ ਸਮੂਹ ਦੀ ਵਾਪਸੀ: 538 ਈਸਾ ਪੂਰਵ

   ਮੰਦਰ ਦੇ ਪੁਨਰ-ਨਿਰਮਾਣ ਦਾ ਕੰਮ ਪੂਰਾ ਹੋਣਾ: 516 ਈਸਾ ਪੂਰਵ

   ਅਸਤਰ ਦੀਆਂ ਘਟਨਾਵਾਂ: 483-473 ਈਸਾ ਪੂਰਵ

   ਅਜ਼ਰਾ ਦੀ ਅਗਵਾਈ ਵਿਚ ਦੂਜੇ ਸਮੂਹ ਦੀ ਵਾਪਸੀ: 458 ਈਸਾ ਪੂਰਵ

   ਨਹਮਯਾਹ ਦੀਆਂ ਵਾਪਸੀਆਂ: 444 ਈਸਾ ਪੂਰਵ

2. ਹਰੇਕ ਕਿਤਾਬ ਦੇ ਵਿਸ਼ਿਆਂ ਦੀ ਸੂਚੀ ਬਣਾਓ।

   ਅਜ਼ਰਾ: ਗੁਲਾਮੀ ਤੋਂ ਵਾਪਸੀ

   ਨਹਮਯਾਹ: ਕੰਧਾਂ ਦਾ ਪੁਨਰ-ਨਿਰਮਾਣ

   ਅਸਤਰ: ਪਰਮੇਸ਼ਰ ਨਿਯੰਤਰਨ ਵਿਚ ਹੈ

3. ਅਜ਼ਰਾ ਅਤੇ ਨਹਮਯਾਹ ਦੀਆਂ ਕਿਤਾਬਾਂ ਦੀਆਂ ਦੋ ਸਮਾਨਤਾਵਾਂ ਦੀ ਸੂਚੀ ਬਣਾਓ।

   ਕੋਈ ਦੋ:

   ਇਹ ਇਕੋ ਇਤਿਹਾਸਕ ਸਥਿਤੀ ਨੂੰ ਸਾਂਝਾ ਕਰਦੀਆਂ ਹਨ।

   ਦੋਵੇਂ ਫ਼ਾਰਸੀ ਰਾਜਾ ਅਰਤਹਸ਼ਸ਼ਤਾ ਦੇ ਅਧੀਨ ਯਰੂਸ਼ਲਮ ਦੀ ਵਾਪਸੀ ਨਾਲ ਸੰਬੰਧਿਤ ਹਨ।

   ਦੋਵਾਂ ਵਿਚ ਯਹੂਦੀ ਲੋਕਾਂ ਦੀ ਸਮਾਂ ਸਾਰਨੀ ਸ਼ਾਮਲ ਹੈ।

   ਨਹਮਯਾਹ 7-12 ਅਜ਼ਰਾ ਅਤੇ ਨਹਮਯਾਹ ਦੋਹਾਂ ਦੇ ਸੁਧਾਰਾਂ ਦੀ ਸਾਰ ਦਿੰਦਾ ਹੈ।

4. ____________ਸਾਮਰਾਜ ਜਿੱਤੀਆਂ ਹੋਈਆਂ ਕੌਮਾਂ ਦੇ ਗੁਲਾਮਾਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਜਾਣ ਦੀ ਇਜਾਜ਼ਤ ਦਿੰਦਾ ਸੀ।

   ਫ਼ਾਰਸੀ

5. _______________ਅਤੇ ________________ਨੂੰ "ਮੰਦਰ ਦੇ ਨਬੀ" ਕਿਹਾ ਜਾਂਦਾ ਸੀ।

   ਹੱਜਈ ਅਤੇ ਜ਼ਕਰਯਾਹ

6. ਯਹੂਦੀਆਂ ਅਤੇ ਉਨ੍ਹਾਂ ਦੇ ਗੁਆਂਢੀਆਂ ਵਿਚਕਾਰ ਵਿਆਹ ਅਜ਼ਰਾ ਅਤੇ ਨਹਮਯਾਹ ਲਈ ਗੰਭੀਰ ਮੁੱਦਾ ਕਿਉਂ ਸੀ?

   ਯਰੂਸ਼ਲਮ ਦੇ ਗੁਆਂਢੀ ਅਵਿਸ਼ਵਾਸੀ ਸਨ

ਫ਼ਾਰਸੀ ਕਈ ਧਰਮਾਂ ਦੇ ਏਕੀਕਰਨ ਦਾ ਸਾਮਰਾਜ ਸੀ

7. ਕਿਹੜਾ ਛੋਟੀ ਕਿਤਾਬ ਵਾਲਾ ਨਬੀ ਨਹਮਯਾਹ ਦੇ ਮੁੱਦਿਆਂ ਤੇ ਸੰਦੇਸ਼ ਦਿੰਦਾ ਹੈ?

    ਮਲਾਕੀ

8. ਨਹਮਯਾਹ ਦੀ ਸੇਵਕਾਈ ਤੋਂ ਅਗਵਾਈ ਦੇ ਤਿੰਨ ਸਿਧਾਂਤਾਂ ਦੀ ਸੂਚੀ ਬਣਾਓ।

    ਆਤਮਿਕ ਆਗੂਆਂ ਨੂੰ ਦਰਸ਼ਨ ਰੱਖਣ ਵਾਲੇ ਲੋਕ ਹੋਣਾ ਚਾਹੀਦਾ ਹੈ

    ਆਤਮਿਕ ਆਗੂਆਂ ਨੂੰ ਧਿਆਨ ਨਾਲ ਯੋਜਨਾ ਬਣਾਉਣੀ ਚਾਹੀਦੀ ਹੈ

    ਆਤਮਿਕ ਆਗੂ ਹਿੰਮਤ ਵਾਲੇ ਲੋਕ ਹੋਣੇ ਚਾਹੀਦੇ ਹਨ

    ਆਤਮਿਕ ਆਗੂਆਂ ਵਿਚ ਸੇਵਾ ਦੀ ਭਾਵਨਾ ਹੋਣੀ ਚਾਹੀਦੀ ਹੈ, ਅਧਿਕਾਰ ਦੀ ਭਾਵਨਾ ਨਹੀਂ

    ਆਤਮਿਕ ਆਗੂ ਪ੍ਰਾਰਥਨਾ ਦੀ ਮਹੱਤਤਾ ਨੂੰ ਜਾਣਦੇ ਹਨ

    ਆਤਮਿਕ ਆਗੂ ਨੂੰ ਹਰ ਸਥਿਤੀ ਦੀ ਜ਼ਰੂਰਤ ਵਿਚ ਢਲਣਾ ਚਾਹੀਦਾ ਹੈ

9. ਅਸਤਰ ਦੀ ਕਿਤਾਬ ਵਿਚ ਸਿਖਾਈਆਂ ਗਈਆਂ ਤਿੰਨ ਮੁੱਖ ਸਿੱਖਿਆਵਾਂ ਦੀ ਸੂਚੀ ਬਣਾਓ।

    ਪਰਮੇਸ਼ਰ ਦੀ ਪ੍ਰਭੂਸੱਤਾ

    ਵਿਸ਼ਵਾਸਯੋਗਤਾ ਦੀ ਮਹੱਤਤਾ

    ਦੁਸ਼ਟਤਾ ਦੀ ਮੂਰਖਤਾ

10. ਅਸਤਰ ਦੀ ਕਿਤਾਬ ਨਾਲ ਜੁੜਿਆ ਯਹੂਦੀ ਤਿਓਹਾਰ _______________ਹੈ।

    ਪੂਰੀਮ

## ਪਾਠ 7 ਦੇ ਸਵਾਲਾਂ ਦੇ ਜਵਾਬ

1. ਇਬਰਾਨੀ ਕਵਿਤਾ ਵਿਚ ਸਮਾਨਤਾ ਦੀਆਂ ਤਿੰਨ ਕਿਸਮਾਂ ਨੂੰ ਪਰਿਭਾਸ਼ਤ ਕਰੋ।

    ਸਮਾਨਾਰਥੀ ਸਮਾਨਤਾਵਾਂ: ਦੂਜਾ ਵਾਕ ਸਮਾਨ ਸ਼ਬਦਾਂ ਨਾਲ ਪਹਿਲੇ ਵਾਕ ਨੂੰ ਹੋਰ ਮਜ਼ਬੂਰ ਕਰਦਾ ਹੈ

    ਵਿਰੋਧਾਤਮਿਕ ਸਮਾਨਤਾਵਾਂ: ਪਹਿਲਾ ਵਾਕ ਦੂਜੇ ਵਾਕ ਦੇ ਉਲਟ ਹੈ

    ਸੰਜੋਗਾਤਮਿਕ ਸਮਾਨਤਾਵਾਂ: ਦੂਜਾ ਵਾਕ ਪਹਿਲੇ ਵਾਕ ਦੀ ਸੋਚ ਨੂੰ ਵਧਾਉਂਦਾ ਹੈ

2. ਅੱਖਰਬੱਧ ਕਵਿਤਾ ਨੂੰ ਪਰਿਭਾਸ਼ਤ ਕਰੋ।

    ਹਰ ਛੰਦ ਦੀ ਸ਼ੁਰੂਆਤ ਵਰਣਮਾਲਾ ਦੇ ਇਕ ਅਗਲੇ ਅੱਖਰ ਨਾਲ ਹੁੰਦੀ ਹੈ

3. ਅੱਯੂਬ ਦੀ ਕਿਤਾਬ ਦਾ ਮੁੱਖ ਵਿਸ਼ਾ ਕੀ ਹੈ?

ਪਰਮੇਸ਼ਰ ਦੀ ਖੋਜ

4. ਅੱਯੂਬ ਦੇ ਮਿੱਤਰਾਂ ਦੀਆਂ ਦਲੀਲਾਂ ਵਿਚ ਤਿੰਨ ਮੁੱਖ ਗੱਲਾਂ ਕਿਹੜੀਆਂ ਸਨ?

ਦੁੱਖ ਪਾਪ ਦੀ ਸਜ਼ਾ ਅਤੇ ਤਾੜਨਾ ਵਜੋਂ ਆਉਂਦਾ ਹੈ

ਪਰਮੇਸ਼ਰ ਇਕ ਧਰਮੀ ਪਰਮੇਸ਼ਰ ਹੈ

ਇਸ ਲਈ, ਅੱਯੂਬ ਨੇ ਕੋਈ ਪਾਪ ਕੀਤਾ ਹੋਵੇਗਾ ਜਿਸ ਲਈ ਪਰਮੇਸ਼ਰ ਉਸ ਨੂੰ ਸਜ਼ਾ ਦੇ ਰਿਹਾ ਹੈ

5. ਅੱਯੂਬ 28-31 ਵਿਚ ਅੱਯੂਬ ਦੇ ਭਾਸ਼ਣਾਂ ਦੇ ਮੁੱਖ ਵਿਸ਼ੇ ਕਿਹੜੇ ਹਨ?

ਅੱਯੂਬ 28 ਬੁੱਧ ਉੱਤੇ ਕਵਿਤਾ ਹੈ

ਅੱਯੂਬ 29, ਅੱਯੂਬ ਦੀ ਪਿਛਲੀ ਜ਼ਿੰਦਗੀ, ਮੁੱਖਬੰਦ ਦੀਆਂ ਘਟਨਾਵਾਂ ਤੋਂ ਪਹਿਲਾਂ ਦੀ ਜ਼ਿੰਦਗੀ ਦੀ ਤਸਵੀਰ ਹੈ

ਅੱਯੂਬ 30, ਅੱਯੂਬ ਦੇ ਵਰਤਮਾਨ ਦੁੱਖ ਦੀ ਤਸਵੀਰ ਹੈ

ਅੱਯੂਬ 31, ਅੱਯੂਬ ਦੀ ਆਪਣੀ ਖਰਿਆਈ ਦੀ ਗਵਾਹੀ ਹੈ

6. ਵਿਅਕਤੀਗਤ ਸਿਰਲੇਖ ਵਾਲੇ ਜ਼ਬੂਰਾਂ ਵਿਚ ਕਿਹੜੀ ਤਿੰਨ ਪ੍ਰਕਾਰ ਦੀ ਜਾਣਕਾਰੀ ਪਾਈ ਜਾਂਦੀ ਹੈ?

ਲੇਖਕ ਦਾ ਨਾਮ ਇਤਿਹਾਸਕ ਸਥਾਪਨਾ

ਸੰਗੀਤ ਅਤੇ ਅਰਾਧਨਾ ਸੰਬੰਧੀ ਨਿਰਦੇਸ਼

7. ਵਿਰਲਾਪ ਦੇ ਜ਼ਬੂਰਾਂ ਵਿਚ ਕਿਹੜੇ ਚਾਰ ਤੱਤ ਸ਼ਾਮਲ ਹਨ?

ਸ਼ਿਕਾਇਤ ਦਾ ਵੇਰਵਾ ਪਰਮੇਸ਼ਰ ਅੱਗੇ ਬੇਨਤੀ

ਪਰਮੇਸ਼ਰ ਵਿਚ ਭਰੋਸੇ ਦਾ ਬਿਆਨ ਪਰਮੇਸ਼ਰ ਦੀ ਪ੍ਰਸ਼ੰਸਾ

8. ਬਦਲੇ ਦੇ ਜ਼ਬੂਰਾਂ ਨੂੰ ਸਮਝਣ ਲਈ ਤਿੰਨ ਸਿਧਾਂਤਾਂ ਦੀ ਸੂਚੀ ਬਣਾਓ।

ਇਹ ਬੀਜਣ ਅਤੇ ਵੱਢਣ ਦੇ ਸਿਧਾਂਤ ਤੇ ਅਧਾਰਿਤ ਹਨ

ਇਸਰਾਏਲ ਦੇ ਦੁਸ਼ਮਣ ਆਖਰਕਾਰ ਪਰਮੇਸ਼ਰ ਦੇ ਦੁਸ਼ਮਣ ਹਨ

ਜ਼ਬੂਰਾਂ ਦੇ ਲਿਖਾਰੀ ਮਾਮਲੇ ਨੂੰ ਆਪਣੇ ਹੱਥਾਂ ਵਿਚ ਨਹੀਂ ਲੈਂਦੇ ਹਨ

9. ਸ਼ਾਹੀ ਅਤੇ ਮਸੀਹ ਬਾਰੇ ਜ਼ਬੂਰਾਂ ਵਿਚਕਾਰ ਕੀ ਸੰਬੰਧ ਹੈ?

ਸ਼ਾਹੀ ਜ਼ਬੂਰ ਇਕ ਵਿਆਪਕ ਰਾਜ ਦਾ ਵਰਣਨ ਕਰਦੇ ਹਨ ਜੋ ਇਸਰਾਏਲ ਦੇ ਇਤਿਹਾਸ ਵਿਚ ਕਦੇ ਪੂਰਾ ਨਹੀਂ ਹੋਇਆ ਸੀ।

ਇਹ ਯਿਸੂ ਦੇ ਜੀਵਨ ਅਤੇ ਸੇਵਕਾਈ ਵਿਚ ਪੂਰੇ ਹੋਏ ਹਨ।

## ਪਾਠ 8 ਦੇ ਸਵਾਲਾਂ ਦੇ ਜਵਾਬ

1. ਜੌਨ ਕੈਲਵਿਨ ਦੇ ਅਨੁਸਾਰ, ਸੱਚੀ ਬੁੱਧ ਵਿਚ ਕਿਹੜੀਆਂ ਦੋ ਚੀਜ਼ਾਂ ਸ਼ਾਮਲ ਹੁੰਦੀਆਂ ਹਨ?

    ਪਰਮੇਸ਼ਰ ਦਾ ਗਿਆਨ ਅਤੇ ਆਪਣੇ ਆਪ ਦਾ ਗਿਆਨ

2. ਇਸ ਪਾਠ ਵਿਚ ਦਿੱਤੀਆਂ ਕਹਾਉਤਾਂ ਦੀਆਂ ਚਾਰ ਵਿਸ਼ੇਸ਼ਤਾਵਾਂ ਵਿਚੋਂ ਦੋ ਦੀ ਸੂਚੀ ਬਣਾਓ।

    ਇਕ ਕਹਾਉਤਾਂ ਇਕ ਸਧਾਰਣ ਸਿਧਾਂਤ ਦੱਸਦੀ ਹੈ

    ਇਕ ਕਹਾਉਤਾਂ ਜ਼ਿੰਦਗੀ ਦੇ ਅਨੁਭਵਾਂ ਤੇ ਅਧਾਰਿਤ ਹੁੰਦੀ ਹੈ

    ਕਹਾਉਤਾਂ ਵਾਅਦਾ ਨਹੀਂ ਹੈ; ਇਹ ਜ਼ਿੰਦਗੀ ਬਾਰੇ ਆਮ ਨਿਰੀਖਣ ਹੈ

3. ਭਾਗ 1 (ਕਹਾਉਤਾਂ 1-9) ਵਿਚ ਸਭ ਤੋਂ ਆਮ ਕਿਸਮ ਦੀ ਕਹਾਉਤਾਂ ਕਿਹੜੀ ਹੈ?

    ਬੁੱਧ ਉੱਤੇ ਉਪਦੇਸ਼

4. ਕਹਾਉਤਾਂ ਦੀ ਵਿਆਖਿਆ ਕਰਨ ਲਈ ਇਸ ਪਾਠ ਵਿਚ ਦਿੱਤੇ ਗਏ ਸੱਤ ਸਵਾਲਾਂ ਵਿਚੋਂ ਚਾਰ ਦੀ ਸੂਚੀ ਬਣਾਓ।

    1) "ਕੀ ਇਹ ਕਹਾਉਤਾਂ ਬੁੱਧ ਵੱਲ ਜਾਂ ਮੂਰਖਤਾ ਵੱਲ ਇਸ਼ਾਰਾ ਕਰਦੀ ਹੈ?"

    2) "ਕਹਾਉਤਾਂ ਦਾ ਦੂਸਰਾ ਵਾਕ ਪਹਿਲੇ ਵਾਕ ਵਿਚ ਕੀ ਜੋੜਦਾ ਹੈ?"

    3) "ਕਹਾਉਤਾਂ ਦੀ ਕਿਤਾਬ ਵਿਚ ਬੁੱਧ ਦਾ ਸਰੋਤ ਕੌਣ ਹੈ?"

    4) "ਇਹ ਕਹਾਉਤਾਂ ਮੇਰੀ ਸਥਿਤੀ ਤੇ ਕਿਵੇਂ ਲਾਗੂ ਹੁੰਦੀ ਹੈ?"

    5) "ਕੀ ਕਹਾਉਤਾਂ ਦੀਆਂ ਕੁਝ ਹੋਰ ਆਇਤਾਂ ਹਨ ਜੋ ਇਸ ਵਿਸ਼ੇ ਨਾਲ ਸੰਬੰਧਿਤ ਹਨ ਜਿਸ ਬਾਰੇ ਮੈਂ ਅਧਿਐਨ ਕਰ ਰਿਹਾ ਹਾਂ?"

    6) "ਕੀ ਬਾਈਬਲ ਦੀਆਂ ਹੋਰ ਕਿਤਾਬਾਂ ਇਸ ਵਿਸ਼ੇ ਬਾਰੇ ਗੱਲ ਕਰਦੀਆਂ ਹਨ ਜਿਸ ਬਾਰੇ ਮੈਂ ਅਧਿਐਨ ਕਰ ਰਿਹਾ ਹਾਂ?"

    7) "ਕੀ ਕੋਈ ਬਾਈਬਲ ਦਾ ਪਾਤਰ ਹੈ ਜੋ ਇਸ ਕਹਾਉਤਾਂ ਨੂੰ ਦਰਸਾਉਂਦਾ ਹੈ ਜਿਸ ਬਾਰੇ ਮੈਂ ਅਧਿਐਨ ਕਰ ਰਿਹਾ ਹਾਂ?"

5. ਕਹਾਉਤਾਂ ਦੀ ਕਿਤਾਬ ਵਿਚ "ਭੋਲੇ" ਅਤੇ "ਮੂਰਖ" ਵਿਚਕਾਰ ਮੁੱਢਲਾ ਅੰਤਰ ਕੀ ਹੈ?

    ਭੋਲਾ ਸਿੱਖਿਆ ਨੂੰ ਸੁਣਦਾ ਹੈ, ਪਰ ਮੂਰਖ ਬੁੱਧ ਅਤੇ ਸਿੱਖਿਆ ਨੂੰ ਤੁੱਛ ਜਾਣਦੇ ਹਨ

6. ਉਪਦੇਸ਼ਕ ਦੀ ਪੋਥੀ ਦਾ ਮੁੱਖ ਵਿਸ਼ਾ ਕੀ ਹੈ?

    ਜ਼ਿੰਦਗੀ ਵਿਚ ਅਰਥ ਦੀ ਖੋਜ

7. ਉਪਦੇਸ਼ਕ ਦੀ ਪੋਥੀ ਪਾਏ ਜਾਣ ਵਾਲੇ ਦੋ ਮਨੋਰਥ ਕਿਹੜੇ ਹਨ?

   ਵਿਅਰਥ ਅਨੰਦ

8. ਸਰੇਸ਼ਟ ਗੀਤ ਦੀ ਵਿਆਖਿਆ ਕਰਨ ਦੇ ਦੋ ਤਰੀਕੇ ਕਿਹੜੇ ਹਨ?

   ਪ੍ਰਤੀਕਾਤਮਿਕ ਵਿਆਖਿਆ ਕਾਵਿ ਵਿਆਖਿਆ

## ਪਾਠ 9 ਦੇ ਸਵਾਲਾਂ ਦੇ ਜਵਾਬ

1. ਵਾਕਾਂਸ਼ _______ਦਰਸਾਉਂਦਾ ਹੈ ਕਿ ਨਬੀ ਆਪਣਾ ਸੰਦੇਸ਼ ਨਹੀਂ ਪਰ ਪਰਮੇਸ਼ਰ ਦਾ ਸੰਦੇਸ਼ ਦੱਸਦੇ ਸਨ।

   "ਪਰਮੇਸ਼ਰ ਇਹ ਕਹਿੰਦਾ ਹੈ"

2. ਨਬੀਆਂ ਦਾ ਵਰਣਨ ਕਰਨ ਲਈ _________ਨਾਮ ਦੀ ਵਰਤੋਂ ਇਹ ਦਰਸਾਉਂਦੀ ਹੈ ਕਿ ਪਰਮੇਸ਼ਰ ਨੇ ਭਵਿੱਖ ਦੀਆਂ ਸੱਚਾਈਆਂ ਨੂੰ ਆਪਣੇ ਨਬੀਆਂ ਤੇ ਪ੍ਰਗਟ ਕੀਤਾ ਸੀ।

   "ਦਰਸ਼ੀ"

3. ਨਬੀਆਂ ਦੀ ਕਿਤਾਬਾਂ ਵਿਚ ਪ੍ਰਗਟ ਹੋਣ ਵਾਲੇ ਤਿੰਨ ਵਿਸ਼ਿਆਂ ਦੀ ਸੂਚੀ ਬਣਾਓ।

   ਨੇਮ ਪ੍ਰਤੀ ਵਫ਼ਾਦਾਰੀ<br>
   ਯਹੋਵਾਹ ਦਾ ਦਿਨ<br>
   ਮਸੀਹ ਦਾ ਆਉਣਾ

4. ਯਹੋਵਾਹ ਦੇ ਤਿੰਨ ਦੇ ਤਿੰਨ ਪਹਿਲੂ ਹੁੰਦੇ ਹਨ। ਉਹ ਕਿਹੜੇ ਹਨ?

   ਯਹੋਵਾਹ ਦਾ ਦਿਨ ਅਵਿਸ਼ਵਾਸੀਆਂ ਲਈ ਨਿਆਂ ਦਾ ਦਿਨ ਹੋਵੇਗਾ।

   ਯਹੋਵਾਹ ਦਾ ਦਿਨ ਪਰਮੇਸ਼ਰ ਦੇ ਲੋਕਾਂ ਨੂੰ ਸ਼ੁੱਧ ਕਰਨ ਦਾ ਦਿਨ ਹੋਵੇਗਾ।

   ਯਹੋਵਾਹ ਦਾ ਦਿਨ ਉਨ੍ਹਾਂ ਲਈ ਮੁਕਤੀ ਦਾ ਦਿਨ ਹੋਵੇਗਾ ਜੋ ਵਫ਼ਾਦਾਰ ਹਨ।

5. ਯਸ਼ਾਯਾਹ ਨੇ ਯਹੂਦਾਹ ਦੇ ਕਿਹੜੇ ਚਾਰ ਰਾਜਿਆਂ ਦੇ ਰਾਜ ਦੌਰਾਨ ਸੇਵਾ ਕੀਤੀ?

   ਯੋਥਾਮ, ਆਹਾਜ਼ ਅਤੇ ਹਿਜ਼ਕੀਯਾਹ, ਅਤੇ ਮਨੱਸ਼ਹ

6. ਯਸ਼ਾਯਾਹ ਦੀ ਕਿਤਾਬ ਦੇ ਦੋ ਉਦੇਸ਼ਾਂ ਦੀ ਸੂਚੀ ਬਣਾਓ।

   ਯਹੂਦਾਹ ਨੂੰ ਆਉਣ ਵਾਲੀ ਸਜ਼ਾ ਪ੍ਰਤੀ ਚੇਤਵਾਨੀ ਕਰਨਾ

   ਯਹੂਦਾਹ ਨੂੰ ਆਉਣ ਵਾਲੀ ਮੁਕਤੀ ਦਾ ਵਾਅਦਾ ਕਰਨਾ

7. ਯਸ਼ਾਯਾਹ ਵਿਚ ਬਚੇ ਹੋਏ ਕੌਣ ਹਨ?

   ਉਹ ਜਿਹੜੇ ਸਮੁੱਚੀ ਕੌਮ ਦੇ ਧਰਮ-ਤਿਆਗ ਦੇ ਬਾਵਜੂਦ ਪਰਮੇਸ਼ਰ ਪ੍ਰਤੀ ਵਫ਼ਾਦਾਰ ਹਨ

8. ਪਰਮੇਸ਼ਰ ਦੀ ਪਵਿੱਤਰਤਾ ਅਤੇ ਪਰਮੇਸ਼ਰ ਦੀ ਪ੍ਰਭੂਸੱਤਾ ਨੂੰ ਦਰਸਾਉਣ ਲਈ ਯਸ਼ਾਯਾਹ ਦੀ ਕਿਤਾਬ ਵਿਚ ਪਰਮੇਸ਼ਰ ਦਾ ਕਿਹੜਾ ਨਾਮ ਵਰਤਿਆ ਗਿਆ ਹੈ?

    ਇਸਰਾਏਲ ਦਾ ਪਵਿੱਤਰ ਜਨ

9. ਯਸ਼ਾਯਾਹ ਨੂੰ ਯਸ਼ਾਯਾਹ ਦੀ ਪੂਰੀ ਕਿਤਾਬ ਦਾ ਲੇਖਕ ਮੰਨਣ ਦੇ ਤਿੰਨ ਕਾਰਨ ਦੱਸੋ।

    ਯਸ਼ਾਯਾਹ 1:1 ਯਸ਼ਾਯਾਹ ਨੂੰ ਲੇਖਕ ਵਜੋਂ ਦੱਸਦਾ ਹੈ

    ਯਸ਼ਾਯਾਹ ਦੀਆਂ ਸਾਰੀਆਂ ਮੁੱਢਲੀਆਂ ਕਾਪੀਆਂ ਕਿਤਾਬ ਨੂੰ ਇਕ ਕਿਤਾਬ ਵਜੋਂ ਦਰਸਾਉਂਦੀਆਂ ਹਨ

    ਨਵੇਂ ਨੇਮ ਵਿਚ ਯਸ਼ਾਯਾਹ ਨੂੰ ਪੂਰੀ ਕਿਤਾਬ ਦੇ ਲੇਖਕ ਵਜੋਂ ਮੰਨਦਾ ਹੈ

10. ਨਵੇਂ ਨੇਮ ਵਿਚ ਵਰਤੇ ਗਏ ਯਸ਼ਾਯਾਹ ਦੇ ਦੋ ਚਿੱਤਰਾਂ ਦੀ ਸੂਚੀ ਬਣਾਓ।

    ਯੂਹੰਨਾ ਬਪਤਿਸਮਾ ਦੇ ਵਾਲਾ ਉਜਾੜ ਵਿਚ ਪੁਕਾਰਨ ਵਾਲੇ ਵਜੋਂ ਹੈ

    ਯਿਸੂ ਦਾ ਕੁਆਰੀ ਤੋਂ ਜਨਮ

    ਯਿਸੂ ਦੁਆਰਾ ਦ੍ਰਿਸ਼ਟਾਂਤਾਂ ਦੀ ਵਰਤੋਂ

    ਗੈਰ-ਯਹੂਦੀਆਂ ਲਈ ਯਿਸੂ ਦੀ ਸੇਵਕਾਈ

    ਕੌਮਾਂ ਦਾ ਪਰਿਵਰਤਨ

## ਪਾਠ 10 ਦੇ ਸਵਾਲਾਂ ਦੇ ਜਵਾਬ

1. ਯਿਰਮਿਯਾਹ ਨੂੰ "ਰੋਣ ਵਾਲਾ ਨਬੀ" ਕਿਉਂ ਕਿਹਾ ਜਾਂਦਾ ਹੈ?

    ਉਸਦਾ ਦੁੱਖ ਪਰਮੇਸ਼ਰ ਦੇ ਲੋਕਾਂ ਦੇ ਪਾਪ ਅਤੇ ਪਰਮੇਸ਼ਰ ਦੇ ਸ਼ਹਿਰ ਦੇ ਵਿਨਾਸ਼ ਤੇ ਹੈ

2. ਯਿਰਮਿਯਾਹ ਦਾ ਪਰਿਵਾਰਕ ਪਿਛੋਕੜ ਕੀ ਸੀ?

    ਉਹ ਹਿਲਕੀਯਾਹ ਦਾ ਪੁੱਤਰ ਸੀ ਜੋ ਅਨਾਥੋਥ ਪਿੰਡ ਦਾ ਜਾਜਕ ਸੀ

3. ਤਿੰਨ ਸਮੂਹਾਂ ਦੇ ਗੁਲਾਮੀ ਵਿਚ ਜਾਣ ਦੀਆਂ ਤਰੀਖਾਂ ਦੀ ਸੂਚੀ ਬਣਾਓ। ਪਹਿਲੇ ਦੋ ਸਮੂਹਾਂ ਲਈ, ਇਕ ਨਬੀ ਦਾ ਨਾਮ ਦੱਸੋ ਜੋ ਗੁਲਾਮੀ ਵਿਚ ਲਿਜਾਇਆ ਗਿਆ ਸੀ।

    605 ਈਸਾ ਪੂਰਵ ਦਾਨੀਏਲ

    597 ਈਸਾ ਪੂਰਵ ਹਿਜ਼ਕੀਏਲ

    586 ਈਸਾ ਪੂਰਵ

4. ਯਿਰਮਿਯਾਹ ਅਤੇ ਵਿਰਲਾਪ ਦੀ ਕਿਤਾਬ ਦੇ ਮੁੱਖ ਉਦੇਸ਼ ਕਿਹੜੇ ਹਨ?

    ਯਹੂਦਾਹ ਨੂੰ ਆਉਣ ਵਾਲੇ ਨਿਆਂ ਦੀ ਚੇਤਾਵਨੀ ਦੇਣਾ

    ਯਰੂਸ਼ਲਮ ਦੀ ਤਬਾਹੀ ਨੂੰ ਦਰਜ਼ ਕਰਨਾ

5. "ਨਬੀ ਦਾ ਮੁਕੱਦਮਾ" ਕੀ ਹੈ?

    ਨਬੀਆਂ ਦੁਆਰਾ ਇਲਜ਼ਾਮ ਕਿ ਇਸਰਾਏਲ ਦੇ ਲੋਕਾਂ ਨੇ ਪਰਮੇਸ਼ਰ ਨਾਲ ਉਨ੍ਹਾਂ ਦੇ ਨੇਮ ਨੂੰ ਤੋੜਿਆ ਹੈ

6. "ਯਿਰਮਿਯਾਹ ਦੇ ਇਕਰਾਰ" ਕੀ ਹਨ?

    ਪ੍ਰਾਰਥਨਾਵਾਂ ਜਿਸ ਵਿਚ ਯਿਰਮਿਯਾਹ ਆਪਣੇ ਸੁਣਨ ਵਾਲਿਆਂ ਦੀ ਜ਼ਿੱਦ ਬਾਰੇ ਪਰਮੇਸ਼ਰ ਨੂੰ ਸ਼ਿਕਾਇਤ ਕਰਦਾ ਹੈ

7. ਯਿਰਮਿਯਾਹ ਵਿਚ "ਦਿਲਾਸੇ ਦੀ ਕਿਤਾਬ" ਕਿਹੜੀ ਹੈ?

    ਇਹ ਅਧਿਆਇ ਜੋ ਜੋ ਵਾਅਦਾ ਕਰਦੇ ਹਨ ਕਿ ਪਰਮੇਸ਼ਰ ਯਹੂਦਾਹ ਨੂੰ ਦੇਸ਼ ਵਿਚ ਦੁਬਾਰਾ ਸਥਾਪਿਤ ਕਰੇਗਾ

8. ਵਿਰਲਾਪ 4 ਅਤੇ 5 ਵਿਚ ਕਿਹੜਾ ਕਾਵਿ ਰੂਪ ਵਰਤਿਆ ਗਿਆ ਹੈ?

    ਅੱਖਰਬੱਧ ਕਵਿਤਾ

## ਪਾਠ 11 ਦੇ ਸਵਾਲਾਂ ਦੇ ਜਵਾਬ

1. ਹਿਜ਼ਕੀਏਲ ਦੇ ਨਾਮ ਦਾ ਅਰਥ ਕੀ ਹੈ?

    "ਪਰਮੇਸ਼ਰ ਨੇ ਬਲ ਦਿੱਤਾ ਹੈ"

2. ਹਿਜ਼ਕੀਏਲ ਦੀ ਕਿਤਾਬ ਦਾ ਉਦੇਸ਼ ਕੀ ਹੈ?

    "ਉਮੀਦ ਦੇ ਸੰਦੇਸ਼ ਨੂੰ ਦੇਣਾ –ਪਰਮੇਸ਼ਰ ਆਪਣੇ ਲੋਕਾਂ ਨੂੰ ਭੁੱਲਿਆ ਨਹੀਂ ਹੈ"

3. ਯਿਰਮਿਯਾਹ ਦੇ ਮੰਦਰ ਦੇ ਪ੍ਰਚਾਰ ਨਾਲ ਹਿਜ਼ਕੀਏਲ ਦੀ ਸਮਾਨਤਾ ਕੀ ਹੈ?

    ਮੰਦਰ ਵਿਚੋਂ ਪਰਮੇਸ਼ਰ ਦੀ ਮਹਿਮਾ ਦਾ ਚਲੇ ਜਾਣਾ (ਹਿਜ਼ਕੀਏਲ 10-11)

4. ਨਵੇਂ ਮੰਦਰ ਦੇ ਹਿਜ਼ਕੀਏਲ ਦੇ ਦਰਸ਼ਨ ਦੀ ਵਿਆਖਿਆ ਕਰਨ ਲਈ ਪੰਜ ਵਿਕਲਪਾਂ ਦੀ ਸੂਚੀ ਬਣਾਓ।

    ਮੰਦਰ ਨੂੰ ਯਹੂਦਾਹ ਦੇ ਯਰੂਸ਼ਲਮ ਵਾਪਸ ਆਉਣ ਤੋਂ ਬਾਅਦ ਬਣਾਇਆ ਜਾਵੇਗਾ

    ਧਰਤੀ ਤੇ ਇਕ ਹਜ਼ਾਰ ਸਾਲ ਤੇ ਰਾਜ ਦੀ ਤਸਵੀਰ ਹੈ

    ਕਲੀਸਿਯਾ ਵਿਚ ਪਰਮੇਸ਼ਰ ਦੇ ਕੰਮ ਦੀ ਤਸਵੀਰ

    ਨਵੇਂ ਸਵਰਗ ਅਤੇ ਨਵੀਂ ਧਰਤੀ ਵਿਚ ਪਰਮੇਸ਼ਰ ਦੇ ਲੋਕਾਂ ਵਿਚਕਾਰ ਉਸ ਦੀ ਮੌਜੂਦਗੀ ਲਈ ਇਕ ਰੂਪਕ ਹੈ

    ਇਹ ਦਰਸ਼ਨ ਸ਼ਾਬਦਿਕ ਅਤੇ ਰੂਪਕ ਦੋਵੇਂ ਤੱਤ ਰੱਖਦਾ ਹੈ

5. ਹਿਜ਼ਕੀਏਲ ____________ਈਸਾ ਪੂਰਵ ਵਿਚ ਬਾਬਲ ਲਿਜਾਇਆ ਗਿਆ। 597 ਈਸਾ ਪੂਰਵ

ਦਾਨੀਏਲ ______________ਈਸਾ ਪੂਰਵ ਵਿਚ ਬਾਬਲ ਲਿਜਾਇਆ ਗਿਆ। 605 ਈਸਾ ਪੂਰਵ

6. ਦਾਨੀਏਲ ਦੀ ਕਿਤਾਬ ਦੇ ਮੁੱਖ ਤਿੰਨ ਵਿਸ਼ੇ ਕਿਹੜੇ ਹਨ?

ਮਨੁੱਖੀ ਇਤਿਹਾਸ ਤੇ ਪਰਮੇਸ਼ਰ ਦੀ ਪ੍ਰਭੂਸੱਤਾ

ਮਨੁੱਖੀ ਹੰਕਾਰ

ਪਰਮੇਸ਼ਰ ਦੇ ਲੋਕਾਂ ਦੀ ਅਖੀਰਲੀ ਜਿੱਤ

7. ਦਾਨੀਏਲ ਦੀ ਕਿਤਾਬ ਵਿਚ ਕਿਹੜੀਆਂ ਦੋ ਭਾਸ਼ਾਵਾਂ ਵਰਤੀਆਂ ਗਈਆਂ ਹਨ?

ਇਬਰਾਨੀ ਅਤੇ ਆਰਾਮੀ

8. ਰਿਵਾਇਤੀ ਵਿਆਖਿਆ ਵਿਚ, ਹੇਂਠ ਦਿੱਤੇ ਚਿੱਤਰ ਕਿਹੜੇ ਸਾਮਰਾਜ ਨੂੰ ਦਰ ਸਾਉਂਦੇ ਹਨ?

| | |
|---|---|
| ਬਾਜ਼ ਦੇ ਖੰਭਾ ਵਾਲਾ ਸ਼ੇਰ | ਬਾਬਲ |
| ਰਿੱਛ ਵਾਂਗ | ਮਾਦੀ-ਫ਼ਾਰਸ |
| ਵੱਡੇ ਸਿੰਗ ਵਾਲਾ ਬੱਕਰਾ | ਯੂਨਾਨ |
| ਲੋਹੇ ਦੀਆਂ ਲੱਤਾ ਅਤੇ ਲੋਹੇ ਅਤੇ ਮਿੱਟੀ ਦੇ ਪੈਰ | ਰੋਮ |
| ਇਕ ਪੱਥਰ ਜੋ ਵੱਡਾ ਪਹਾੜ ਬਣਦਾ ਹੈ | ਪਰਮੇਸ਼ਰ ਦਾ ਰਾਜ |

9. ਬਾਈਬਲ ਦੀਆਂ ਕਿਹੜੀਆਂ ਕਿਤਾਬਾਂ ਮੁੱਖ ਤੌਰ ਤੇ ਜਾਂ ਅੰਸ਼ਕ ਤੌਰ ਤੇ ਅੰਤ ਦੇ ਸਮੇਂ ਦੀ ਭਵਿੱਖਬਾਣੀ ਦੀਆਂ ਲਿਖਤਾਂ ਤੋਂ ਬਣੀਆਂ ਹਨ?

ਦਾਨੀਏਲ ਅਤੇ ਪ੍ਰਕਾਸ਼ ਦੀ ਪੋਥੀ ਅੰਤ ਦੇ ਸਮੇਂ ਦੀ ਭਵਿੱਖਬਾਣੀ ਦੀਆਂ ਕਿਤਾਬਾਂ ਹਨ

ਹਿਜ਼ਕੀਏਲ ਅਤੇ ਜ਼ਕਰਯਾਹ ਦੇ ਕੁਝ ਹਿੱਸੇ ਅੰਤ ਦੇ ਸਮੇਂ ਦੀ ਭਵਿੱਖਬਣਾਈ ਹਨ

10. ਨਵੇਂ ਨੇਮ ਦੀ ਕਿਹੜੀ ਕਿਤਾਬ ਹਿਜ਼ਕੀਏਲ ਅਤੇ ਦਾਨੀਏਲ ਦੇ ਹਵਾਲੇ ਅਕਸਰ ਦਿੰਦੀ ਹੈ?

ਪ੍ਰਕਾਸ਼ ਦੀ ਪੋਥੀ

## ਪਾਠ 12 ਦੇ ਸਵਾਲ

1. ਨਬੀਆਂ ਦੀਆਂ ਛੋਟੀਆਂ ਕਿਤਾਬਾਂ ਨੂੰ ਇਬਰਾਨੀ ਬਾਈਬਲ ਵਿਚ ਕੀ ਕਿਹਾ ਜਾਂਦਾ ਹੈ?

   ਬਾਰ੍ਹਾਂ ਦੀ ਕਿਤਾਬ

2. ਛੋਟੀਆਂ ਕਿਤਾਬਾਂ ਵਾਲੇ ਨਬੀਆਂ ਅਤੇ ਵੱਡੀਆਂ ਕਿਤਾਬਾਂ ਵਾਲੇ ਨਬੀਆਂ ਵਿਚਕਾਰ ਕੀ ਅੰਤਰ ਹੈ?

   ਛੋਟੀਆਂ ਕਿਤਾਬਾਂ ਵਾਲੇ ਨਬੀਆਂ ਦੀਆਂ ਕਿਤਾਬਾਂ ਛੋਟੀਆਂ ਹਨ

3. 8ਵੀਂ ਸਦੀ ਦੌਰਾਨ ਉੱਤਰੀ ਰਾਜ ਦੇ ਆਰਥਿਕ ਅਤੇ ਆਤਮਿਕ ਹਾਲਤਾਂ ਦਾ ਵਰਣਨ ਕਰੋ।

   ਆਰਥਿਕ ਖੁਸ਼ਹਾਲੀ ਅਤੇ ਆਤਮਿਕ ਧਰਮ-ਤਿਆਗ

4. ਹੋਸ਼ੇਆ ਦਾ ਮੁੱਖ ਉਦੇਸ਼ ਕੀ ਹੈ?

   ਇਸਰਾਏਲ ਦੇ ਆਤਮਿਕ ਵਿਭਚਾਰ ਬਾਰੇ ਬੋਲਣਾ

5. ਹੋਸ਼ੇਆ ਦੇ ਬੱਚਿਆਂ ਦੇ ਨਾਮ ਇਸਰਾਏਲ ਲਈ ਕੀ ਭਵਿੱਖਬਾਣੀ ਕਰਦੇ ਹਨ?

   ਯਿਜ਼ਰਏਲ: ਉਹ ਘਾਟੀ ਜਿੱਥੇ ਅੱਸ਼ੂਰ ਇਸਰਾਏਲ ਨੂੰ ਹਰਾਏਗਾ

   ਲੋ-ਰਹਮਾ: ਕੋਈ ਰਹਿਮਤ ਨਹੀਂ

   ਲੋ-ਅੰਮੀ: ਮੇਰੇ ਲੋਕ ਨਹੀਂ

6. ਪੁਰਾਣੇ ਨੇਮ ਵਿਚ "ਜਾਣਨਾ" ਸ਼ਬਦ ਦਾ ਅਰਥ ਕੀ ਹੈ?

   ਪੁਰਾਣੇ ਨੇਮ ਵਿਚ "ਜਾਣਨਾ" ਇਕ ਸੰਬੰਧਕ ਸ਼ਬਦ ਹੈ। ਜਾਣਨ ਦਾ ਅਰਥ ਅਨੁਭਵ ਕਰਨਾ ਹੈ

7. ਯੋਏਲ ਦਾ ਮੁੱਖ ਵਿਸ਼ਾ ਕੀ ਹੈ?

   ਯਹੋਵਾਹ ਦਾ ਦਿਨ

8. ਯੋਏਲ ਵਿਚ, ਨਿਆਂ ਦੇ ਆਉਣ ਦੀ ਇਕ ਭਵਿੱਖਬਾਣੀ ਦੀ ਕੁਦਰਤੀ ਬਿਪਤਾ ਕੀ ਹੈ?

   ਟਿੱਡੀਆਂ ਦੀ ਮਹਾਂਮਾਰੀ

9. ਨਵੇਂ ਨੇਮ ਦੇ ਅਨੁਸਾਰ, ਯੋਏਲ ਦੀ ਆਉਣ ਵਾਲੀ ਆਤਮਿਕ ਜਾਗ੍ਰਿਤੀ ਦੀ ਭਵਿੱਖ ਬਾਣੀ ਕਦੋਂ ਪੂਰੀ ਹੋਈ?

   ਪੰਤੇਕੁਸਤ ਦੇ ਦਿਨ

10.ਆਮੋਸ ਦੀ ਕਿਤਾਬ ਦਾ ਉਦੇਸ਼ ਕੀ ਹੈ?

ਇਸਰਾਏਲ ਉੱਤੇ ਪਰਮੇਸ਼ਰ ਦੇ ਨਿਆਂ ਦੀ ਭਵਿੱਖਬਾਣੀ ਕਰਨ ਲਈ ਕਿਉਂਕਿ ਉਸ ਨੇ ਪਰਮੇਸ਼ਰ ਪ੍ਰਤੀ ਅਤੇ ਉਸ ਦੇ ਸਾਥੀ ਲੋਕਾਂ ਪ੍ਰਤੀ ਅਧਰਮੀ ਵਿਵਹਾਰ ਰੱਖਿਆ ਸੀ

11. ਆਮੋਸ ਵਿਚ ਨਿਆਂ ਦੇ ਪੰਜ ਦਰਸ਼ਨਾਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਦੇ ਅਰਥ ਦੱਸੋ।

ਟਿੱਡੀਆਂ ਦੀ ਮਹਾਂਮਾਰੀ ਦਾ ਅਰਥ ਇਸਰਾਏਲ ਦੀ ਤਬਾਹੀ ਸੀ

ਅੱਗ ਦਾ ਅਰਥ ਇਸਰਾਏਲ ਦੀ ਤਬਾਹੀ ਹੈ

ਇਕ ਸਾਹਲ ਇਸਰਾਏਲ ਵਿੰਗੇਪਣ ਨੂੰ ਦਰਸਾਉਂਦਾ ਹੈ

ਪੱਕੇ ਫਲਾਂ ਦੀ ਇਕ ਟੋਕਰੀ ਦਿਖਾਉਂਦੀ ਹੈ ਕਿ ਇਸਰਾਏਲ ਤੁਰੰਤ ਨਿਆਂ ਲਈ ਪੱਕਿਆ ਹੋਇਆ ਹੈ

ਪਰਮੇਸ਼ਰ ਜਗਵੇਦੀ ਨਾਲ ਖੜ੍ਹਾ ਹੋਣ ਦਾ ਅਰਥ ਨਿਆਂ ਨਿਸ਼ਚਿਤ ਹੈ।

## ਪਾਠ 13 ਦੇ ਸਵਾਲਾਂ ਦੇ ਜਵਾਬ

1. ਓਬਦਯਾਹ ਦੀ ਕਿਤਾਬ ਦਾ ਉਦੇਸ਼ ਕੀ ਹੈ?

ਯਰੂਸ਼ਲਮ ਤੇ ਬਾਬਲ ਦੀ ਘੇਰਾਬੰਦੀ ਦੌਰਾਨ ਅਦੋਮ ਦੁਆਰਾ ਯਹੂਦਾਹ ਉੱਤੇ ਬੇਰਹਿਮੀ ਕਰਨ ਲਈ ਇਸ ਦੇ ਵਿਨਾਸ਼ ਦੀ ਭਵਿੱਖਬਾਨੀ ਕਰਨਾ

2. ਯੂਨਾਹ ਦੀ ਕਿਤਾਬ ਦਾ ਵਿਸ਼ਾ ਕੀ ਹੈ?

ਸਾਰੇ ਲੋਕਾਂ ਲਈ ਪਰਮੇਸ਼ਰ ਦੀ ਦਯਾ

3. ਉਨ੍ਹਾਂ ਦੋ ਤਰੀਕਿਆਂ ਦੀ ਸੂਚੀ ਬਣਾਓ ਜਿਨ੍ਹਾਂ ਰਾਹੀਂ ਯੂਨਾਹ ਪਰਮੇਸ਼ਰ ਦੀ ਪ੍ਰਭੂ ਸੱਤਾ ਨੂੰ ਦਿਖਾਉਂਦਾ ਹੈ।

ਕੋਈ ਦੋ:

ਪਰਮੇਸ਼ਰ ਨੇ ਇਕ ਵੱਡੀ ਹਵਾ ਭੇਜੀ ਜਿਸ ਨੇ ਜਹਾਜ਼ ਨੂੰ ਨਸ਼ਟ ਕਰਨ ਦੀ ਧਮਕੀ ਦਿੱਤੀ

ਪਰਮੇਸ਼ਰ ਨੇ ਯੂਨਾਹ ਨੂੰ ਨਿਗਲਣ ਲਈ ਇਕ ਵੱਡੀ ਮੱਛੀ ਤਿਆਰ ਕੀਤੀ

ਪਰਮੇਸ਼ਰ ਯੂਨਾਹ ਨੂੰ ਪਨਾਹ ਦੇਣ ਲਈ ਇਕ ਰੁੱਖ ਲਗਾਉਂਦਾ ਹੈ

ਪਰਮੇਸ਼ਰ ਰੁੱਖ ਨੂੰ ਖਤਮ ਕਰਨ ਲਈ ਇਕ ਕੀੜਾ ਤਿਆਰ ਕੀਤਾ

4. ਯੂਨਾਹ ਦੀ ਕਿਤਾਬ ਵਿਚ ਸਿਖਾਏ ਗਏ ਦੋ ਸਬਕਾਂ ਕਿਹੜੇ ਹਨ?

ਆਗਿਆਕਾਰੀ ਅਤੇ ਦਯਾ ਦੇ ਸਬਕ

5. ਮੀਕਾਹ ਦੇ ਅਨੁਸਾਰ, ਕਿਹੜੀਆਂ ਤਿੰਨ ਵਿਸ਼ੇਸ਼ਤਾਵਾਂ ਬਿਵਸਥਾ ਦੀ ਮੰਗ ਨੂੰ ਪੂਰਾ ਕਰਦੀਆਂ ਹਨ?

   ਨਿਆਂ, ਦਯਾ, ਅਤੇ ਪਰਮੇਸ਼ਰ ਨਾਲ ਨਿਮਰਤਾ ਨਾਲ ਚੱਲਣਾ

6. ਮੀਕਾਹ ਵਿਚ ਯਿਸੂ ਦੇ ਜਨਮ ਬਾਰੇ ਕਿਹੜੀ ਭਵਿੱਖਬਾਣੀ ਕੀਤੀ ਗਈ ਹੈ?

   ਉਹ ਬੈਤਏਲ ਵਿਚ ਜਨਮ ਲਵੇਗਾ

7. ਨਹੂਮ ਦੀ ਕਿਤਾਬ ਦੇ ਦਰਸ਼ਕ ਕੌਣ ਸਨ?

   ਨੀਨਵਾਹ ਦੇ ਲੋਕ

8. ਹਬੱਕੂਕ ਦੇ ਦੋ ਸਵਾਲਾ ਅਤੇ ਪਰਮੇਸ਼ਰ ਦੇ ਜਵਾਬਾਂ ਦੀ ਸੂਚੀ ਬਣਾਓ।

   Q: ਸਵਾਲ: ਦੁਸ਼ਟ ਯਹੂਦਾਹ ਖੁਸ਼ਹਾਲ ਕਿਉਂ ਹੁੰਦਾ ਹੈ?

   A: ਜਵਾਬ: ਬਾਬਲ ਯਹੂਦਾਹ ਨੂੰ ਸਜ਼ਾ ਦੇਵੇਗਾ

   Q: ਸਵਾਲ: ਪਰਮੇਸ਼ਰ ਬਾਬਲ ਨੂੰ ਯਹੂਦਾਹ ਦਾ ਨਿਆਂ ਕਰਨ ਲਈ ਕਿਵੇਂ ਵਰਤ ਸਕਦਾ ਹੈ?

   A: ਜਵਾਬ: ਜਿਵੇਂ ਮੈਂ ਕਿਹਾ ਉਵੇਂ ਹੋਵੇਗਾ ਪਰ ਧਰਮੀ ਵਿਸ਼ਵਾਸ ਨਾਲ ਜੀਉਂਦਾ ਰਹੇਗਾ।

9. ਸਫ਼ਨਯਾਹ ਦੀ ਕਿਤਾਬ ਦਾ ਮੁੱਖ ਵਿਸ਼ਾ ਕਿਹੜਾ ਹੈ?

   ਯਹੋਵਾਹ ਦਾ ਦਿਨ

10. ਪੁਰਾਣੇ ਨੇਮ ਦੀ ਭਵਿੱਖਬਾਣੀ ਦੀ ਵਿਆਖਿਆ ਕਰਨ ਲਈ ਕਿਹੜੇ ਪੰਜ ਕਦਮ ਸੁਝਾਏ ਗਏ ਹਨ?

    a. ਉਨ੍ਹਾਂ ਦਾ ਸ਼ਹਿਰ: ਨਬੀ ਦਾ ਅਸਲ ਸੰਦੇਸ਼ ਕੀ ਸੀ?

    b. ਨਦੀ: ਅਸਲ ਦਰਸ਼ਕਾਂ ਨੂੰ ਅੱਜ ਦੇ ਸਮੇਂ ਤੋਂ ਕੀ ਵੱਖ ਕਰਦਾ ਹੈ?

    c. ਪੁਲ: ਨਵੀ ਦੇ ਅਸਲ ਸੰਦੇਸ਼ ਦੇ ਪਿੱਛੇ ਕੀ ਸਿਧਾਂਤ ਹੈ?

    d. ਨਕਸ਼ਾ: ਬਾਕੀ ਬਾਈਬਲ ਵਿਚ ਇਹ ਸਿਧਾਂਤ ਕਿਵੇਂ ਦੇਖਿਆ ਜਾਂਦਾ ਹੈ?

    e. ਸਾਡਾ ਸ਼ਹਿਰ: ਇਹ ਸਿਧਾਂਤ ਅੱਜ ਦੇ ਸੰਸਾਰ ਵਿਚ ਕਿਵੇਂ ਲਾਗੂ ਕੀਤਾ ਗਿਆ ਹੈ?

## ਪਾਠ 14 ਦੇ ਸਵਾਲਾਂ ਦੇ ਜਵਾਬ

1. ਗੁਲਾਮੀ ਤੋਂ ਬਾਅਦ ਦੇ ਨਬੀਆਂ ਦੁਆਰਾ ਕਿਹੜੀਆਂ ਤਿੰਨ ਆਤਮਿਕ ਸਮੱਸਿਆਵਾਂ ਬਾਰੇ ਪ੍ਰਚਾਰ ਕੀਤਾ ਗਿਆ ਸੀ?

    ਮੰਦਰ ਅਜੇ ਦੁਬਾਰਾ ਬਣਿਆ ਨਹੀਂ ਸੀ

    ਅਵਿਸ਼ਵਾਸੀਆਂ ਨਾਲ ਵਿਆਹ ਗੈਰ-ਯਹੂਦੀ ਧਾਰਮਿਕ ਸਮਕਾਲੀਅਤ ਦਾ ਕਾਰਨ ਬਣੇ

    ਬਹੁਤ ਸਾਰੇ ਯਹੂਦੀ ਸਬਤ ਮਨਾਉਣ ਵਿਚ ਅਸਫਲ ਰਹੇ

2. ਹੱਜਈ ਅਤੇ ਜ਼ਕਰਯਾਹ ਦੀ ਤਰੀਖ ਕੀ ਹੈ?

    520 ਈਸਾ ਪੂਰਵ

3. ਹੱਜਈ ਚਾਰ ਸੰਦੇਸ਼ਾਂ ਨੂੰ ਲਿਆਇਆ। ਹਰੇਕ ਸੰਦੇਸ਼ ਲਈ ਵਿਸ਼ੇ ਦੀ ਸੂਚੀ ਬਣਾਓ।

    ਪ੍ਰਾਥਮਿਕਤਾਵਾਂ

    ਨਿਰਾਸ਼ਾ

    ਅਣਆਗਿਆਕਾਰੀ

    ਡਰ

4. ਜ਼ਕਰਯਾਹ ਦੀ ਕਿਤਾਬ ਦਾ ਵਿਸ਼ਾ ਕੀ ਹੈ?

    ਪਰਮੇਸ਼ਰ ਦੇ ਰਾਜ ਦੀ ਬਹਾਲੀ

5. ਜ਼ਕਰਯਾਹ ਵਿਚ ਪਾਈਆਂ ਦੋ ਮਸੀਹਾ ਭਵਿੱਖਬਾਣੀਆਂ ਦੀ ਸੂਚੀ ਬਣਾਓ।

    ਕੋਈ ਦੋ: ਧਰਮੀ ਸ਼ਾਖਾ

    ਰਾਜਾ ਗਧੇ ਉੱਤੇ ਸਵਾਰ ਹੋਇਆ

    ਚਰਵਾਹੇ ਨੂੰ ਅਸਵੀਕਾਰ ਕੀਤਾ ਜਾਣਾ ਅਤੇ ਚਾਂਦੀ ਦੇ ਤੀਹ ਸ਼ਕੇਲ ਲਈ ਵੇਚਿਆ ਜਾਣਾ

    ਜਿਸ ਨੂੰ ਵਿੰਨ੍ਹਿਆ ਗਿਆ

    ਆਉਣ ਵਾਲਾ ਨਿਆਈ

6. ਅਸੀਂ ਕਿਉਂ ਮੰਨਦੇ ਹਾਂ ਕਿ ਮਲਾਕੀ ਨੇ 475 ਅਤੇ 425 ਈਸਾ ਪੂਰਵ ਦੌਰਾਨ ਪ੍ਰਚਾਰ ਕੀਤਾ ਸੀ?

    ਕਿਉਂਕਿ ਉਹ ਉਨ੍ਹਾਂ ਪਾਪਾਂ ਬਾਰੇ ਬੋਲਿਆ ਜਿਨ੍ਹਾਂ ਬਾਰੇ ਅਜ਼ਰਾ ਅਤੇ ਨਹਮਯਾਹ ਨੇ ਗੱਲ ਕੀਤੀ ਸੀ

7. ਮਲਾਕੀ ਵਿਚ ਪਰਮੇਸ਼ਰ ਦੇ "ਵਿਵਾਦਾਂ" ਦੇ ਤਿੰਨ ਹਿੱਸਿਆਂ ਦੀ ਸੂਚੀ ਬਣਾਓ।

    a)ਪਰਮੇਸ਼ਰ ਯਹੂਦਾਹ ਦੇ ਰਵੱਈਏ ਬਾਰੇ ਇਕ ਬਿਆਨ ਦਿੰਦਾ ਹੈ

    b)ਲੋਕ ਇਕ ਸਵਾਲ ਨਾਲ ਜਵਾਬ ਦਿੰਦੇ ਹਨ

    c)ਪਰਮੇਸ਼ਰ ਇਕ ਸਵਾਲ ਨਾਲ ਜਵਾਬ ਦਿੰਦਾ ਹੈ